# <u>Frequently asked questions (FAQ) for the post of ALM against CRA-299/22</u>

**1)** ਕੀ ਰਾਸ਼ਟਰੀ ਸਿੱਖਿਆਰਥੀਪਣ ਸਰਟੀਫਿਕੇਟ (**National Apprenticeship Certificate**) ਲਾਈਨਮੈਨ ਟਰੇਡ ਵਿੱਚ ਹੀ ਹੋਣਾ ਚਾਹੀਦਾ ਹੈ?

ਉਤਰ: ਹਾਂ ਜੀ, ਰਾਸ਼ਟਰੀ ਸਿੱਖਿਆਰਥੀਪਣ ਸਰਟੀਫਿਕੇਟ (**National Apprenticeship Certificate**) ਸਿਰਫ ਲਾਈਨਮੈਨ ਟਰੇਡ ਵਿੱਚ ਹੀ ਹੋਣਾ ਜਰੂਰੀ ਹੈ।

2) ਕੀ ਸਹਾਇਕ ਲਾਈਨਮੈਨ ਦੀ ਆਸਾਮੀ ਲਈ ਕਿਸੇ ਪ੍ਰਾਈਵੇਟ ਅਦਾਰੇ ਅਧੀਨ ਲਾਈਨਮੈਨ ਟਰੇਡ ਵਿੱਚ ਕੀਤੀ ਗਈ **Apprenticeship** ਮੰਨਣ ਯੋਗ ਹੈ?

ਉਤਰ: ਜੇਕਰ ਕਿਸੇ ਉਮੀਦਵਾਰ ਵੱਲੋਂ ਕਿਸੇ ਪ੍ਰਾਈਵੇਟ ਅਦਾਰੇ ਵਿੱਚ ਅਪ੍ਰੈਂਟਸ਼ਿਪ ਟਰੇਨਿੰਗ ਕੀਤੀ ਗਈ ਹੋਵੇ ਅਤੇ ਲੋੜੀਂਦਾ ਸਰਟੀਫਿਕੇਟ ਡਾਇਰੈਕਟਰ ਜਨਰਲ ਆਫ ਟਰੇਨਿੰਗ, ਕੌਂਸਲ ਵਿਕਾਸ ਅਤੇ ਉਦਮਸ਼ੀਲਤਾ ਮੰਤਰਾਲਾ ਵੱਲੋਂ ਜਾਰੀ ਕੀਤਾ ਹੋਵੇ, ਅਤੇ ਲਾਈਨਮੈਨ ਟ੍ਰੇਡ ਵਿਚ ਹੋਵੇ, ਤਾਂ ਹੀ ਮੰਨਣਯੋਗ ਹੋਵੇਗਾ।

3) ਕੀ ਵਾਈਰਮੈਨ ਟਰੇਡ ਵਿੱਚ ਰਾਸ਼ਟਰੀ ਸਿੱਖਿਆਰਥੀਪਣ ਸਰਟੀਫਿਕੇਟ ਪ੍ਰਾਪਤ ਉਮੀਦਵਾਰ ਸਹਾਇਕ ਲਾਈਨਮੈਨ ਦੀ ਆਸਾਮੀ ਲਈ ਅਪਲਾਈ ਕਰ ਸਕਦਾ ਹੈ

ਉਤਰ: ਨਹੀ ਜੀ, ਰਾਸ਼ਟਰੀ ਸਿੱਖਿਆਰਥੀਪਣ ਸਰਟੀਫਿਕੇਟ (**National Apprenticeship Certificate**) ਸਿਰਫ ਲਾਈਨਮੈਨ ਟਰੇਡ ਵਿੱਚ ਹੀ ਹੋਣਾ ਜਰੂਰੀ ਹੈ।

4) ਕੀ ਆਈ.ਟੀ.ਆਈ ਕਰ ਰਹੇ ਉਮੀਦਵਾਰ ਇਸ ਆਸਾਮੀ ਲਈ ਅਪਲਾਈ ਕਰ ਸਕਦੇ ਹਨ?

ਉਤਰ: ਨਹੀ ਜੀ, ਕੇਵਲ ਲਾਈਨਮੈਨ ਟਰੇਡ ਵਿੱਚ ਰਾਸ਼ਟਰੀ ਸਿੱਖਿਆਰਥੀਪਣ ਸਰਟੀਫਿਕੇਟ (**National Apprenticeship Certificate**) ਪਾਸ ਉਮੀਦਵਾਰ ਜਾਂ ਜਿਨਾਂ ਦਾ **Apprenticeship** ਦਾ ਰਿਜ਼ਲਟ ਨਹੀਂ ਆਇਆ, ਉਹ ਉਮੀਦਵਾਰ ਵੀ ਅਪਲਾਈ ਕਰ ਸਕਦੇ ਹਨ।

5) ਕੀ ਸਹਾਇਕ ਲਾਈਨਮੈਨ ਦੀ ਆਸਾਮੀ ਲਈ ਅਪਲਾਈ ਕਰਨ ਲਈ ਪੰਜਾਬ ਦਾ ਵਸਨੀਕ ਸਰਟੀਫਿਕੇਟ ਜਰੂਰੀ ਹੈ?

ਉੱਤਰ: ਨਹੀ ਜੀ, ਪੰਜਾਬ ਦਾ ਵਸਨੀਕ ਸਰਟੀਫਿਕੇਟ ਕੇਵਲ ਰਾਖਵੀਂਆਂ ਸ੍ਰੇਣੀਆਂ ਜਿਵੇਂ ਕਿ ਐਸ.ਸੀ, ਬੀ.ਸੀ, ਖਿਡਾਰੀ, ਸਾਬਕਾਫੌਜੀ, ਸੁਤੰਤਰਤਾ ਸੰਗਰਾਮੀ, ਦਿਵਿਆਂਗਜਨ (ਅਪੰਗ) ਆਦਿ ਵਿੱਚ ਅਪਲਾਈ ਕਰਨ ਵਾਲੇ ਉਮੀਦਵਾਰਾਂ ਲਈ ਹੀ ਜਰੂਰੀ ਹੈ, ਜ਼ੋ ਕਿ ਮਿਤੀ 01.01.2022 ਜਾਂ ਇਸ ਤੋਂ ਬਾਅਦ ਦਾ ਜਾਰੀ ਕੀਤਾ ਗਿਆ ਹੋਵੇ।

6) ਕੀ ਵਿੱਤੀ ਸਾਲ 2021-22 ਦਾ ਬਣਿਆ ਆਰਥਿਕ ਤੋਰ ਤੇ ਕਮਜੋਰ ਵਰਗ (**EWS** ਕੈਟਾਗਰੀ) ਦਾ ਸਰਟੀਫਿਕੇਟ ਸਹਾਇਕ ਲਾਈਨਮੈਨ ਦੀ ਆਸਾਮੀ ਲਈ ਅਪਲਾਈ ਕਰਨ ਲਈ ਵੈਧ ਹੈ।

ਉਤਰ ਨਹੀ ਜੀ, ਆਰਥਿਕ ਤੋਰ ਤੇ ਕਮਜੋਰ ਵਰਗ (**EWS** ਕੈਟਾਗਰੀ) ਦਾ ਸਰਟੀਫਿਕੇਟ ਵਿੱਤੀ ਸਾਲ 2022-23 ਲਈ ਜਾਰੀ ਹੋਇਆ ਹੋਣਾ ਜਰੂਰੀ ਹੈ।

7) ਕੀ ਪੰਜਾਬੀ ਪਾਸ ਸਰਟੀਫਿਕੇਟ ਸਹਾਇਕ ਲਾਈਨਮੈਨ ਦੀ ਆਸਾਮੀ ਲਈ ਅਪਲਾਈ ਕਰਨ ਸਮੇਂ ਹੋਣਾ ਜਰੂਰੀ ਹੈ ?

ਉੱਤਰ: ਆਨਲਾਈਨ ਰਜਿਸਟ੍ਰੇਸ਼ਨ ਕਰਨ ਦੀ ਆਖਰੀ ਮਿਤੀ 20.09.2022 ਤੱਕ ਪੰਜਾਬੀ ਪਾਸ ਸਰਟੀਫਿਕੇਟ ਹੋਣਾ ਜਰੂਰੀ ਹੈ।

8) ਕੀ ਜਨਰਲ ਕੈਟਾਗਰੀ ਨਾਲ ਸਬੰਧਤ ਉਮੀਦਵਾਰ ਜਿਸ ਦੀ ਉਮਰ 37 ਸਾਲ ਤੋਂ ਵੱਧ ਹੋਵੇ, ਸੀਆਰਏ 299/22 ਅਧੀਨ ਸਹਾਇਕ ਲਾਈਨਮੈਨ ਦੀ ਆਸਾਮੀ ਲਈ ਅਪਲਾਈ ਕਰ ਸਕਦਾ ਹੈ?

ਉੱਤਰ: ਨਹੀਂ ਜੀ, ਸੀਆਰਏ 299/22 ਦੇ ਇਸ਼ਤਿਹਾਰ ਮੁਤਾਬਕ ਸਹਾਇਕ ਲਾਈਨਮੈਨ ਦੀ ਆਸਾਮੀ ਲਈ ਅਪਲਾਈ ਕਰਨ ਲਈ ਜਨਰਲ ਕੈਟਾਗਰੀ ਲਈ ਉਮਰ 18 ਤੋਂ 37 ਸਾਲ ਹੈ।

9) ਕੀ **Apprenticeship** ਕਰ ਰਹੇ ਉਮੀਦਵਾਰ ਆਪਣੀ ਅਰਜੀ ਦਰਜ ਕਰ ਸਕਦੇ ਹਨ?

ਉੱਤਰ: ਹਾਂ ਜੀ, ਬਾ-ਸੁਰਤੇ ਉਮੀਦਵਾਰ ਕੋਲ ਦਸਤਾਵੇਜ਼ ਚੈਕਿੰਗ ਦੇ ਜਾਰੀ ਹੋਣ ਵਾਲੇ ਪਹਿਲੇ **schedule** ਦੀ ਮਿਤੀ ਤੱਕ **National Apprenticeship Certificate** ਪੇਸ਼ ਕਰਨਾ ਹੋਵੇਗਾ।

10) ਕੀ **PSPCL** ਵਿੱਚ **CHB** ਦੇ ਤੌਰ ਤੇ ਕੀਤਾ ਗਿਆ ਜਾਂ ਕਰ ਰਹੇ ਵਿਅਕਤੀ ਅਪਲਾਈ ਕਰ ਸਕਦੇ ਹਨ?

ਉੱਤਰ: ਉਮੀਦਵਾਰ ਕੋਲ ਰਾਸ਼ਟਰੀ ਸਿੱਖਿਆਰਥੀਪਣ ਸਰਟੀਫਿਕੇਟ (**National Apprenticeship Certificate**) ਲਾਈਨਮੈਨ ਟਰੇਡ ਵਿੱਚ ਹੋਣਾ ਚਾਹੀਦਾ ਹੈ।

11) ਕੀ **Diploma in Electrical** ਟਰੇਡ ਵਾਲਾ ਉਮੀਦਵਾਰ ਇਸ ਪੋਸਟ ਲਈ ਕਰ ਸਕਦਾ ਹੈ ?

ਉੱਤਰ: ਉਮੀਦਵਾਰ ਕੋਲ ਰਾਸ਼ਟਰੀ ਸਿੱਖਿਆਰਥੀਪਣ ਸਰਟੀਫਿਕੇਟ (**National Apprenticeship Certificate**) ਲਾਈਨਮੈਨ ਟਰੇਡ ਵਿੱਚ ਹੋਣਾ ਚਾਹੀਦਾ ਹੈ।

12) ਜੇਕਰ ਉਮੀਦਵਾਰ ਵੱਲੋਂ ਆਪਣੀ ਅਰਜ਼ੀ ਗਲਤ ਕੈਟੇਗਰੀ ਵਿੱਚ ਦਰਜ ਹੋ ਜਾਂਦੀ ਹੈ ਤਾਂ ਉਸ ਵੱਲੋਂ ਆਪਣੀ ਅਰਜ਼ੀ ਬਾਅਦ ਵਿੱਚ ਦਰੁੱਸਤ ਕੀਤੀ ਜਾ ਸਕਦੀ ਹੈ?

ਉੱਤਰ: ਨਹੀਂ ਜੀ।

13) ਪੇਪਰ ਕਿਸ ਭਾਸ਼ਾ ਵਿੱਚ ਹੋਵੇਗਾ?

ਉੱਤਰ: ਪੇਪਰ ਪੰਜਾਬੀ ਅਤੇ ਅੰਗਰੇਜ਼ੀ ਭਾਸ਼ਾ ਵਿੱਚ ਹੋਣਗੇ।

14) ਪੇਪਰ ਵਿੱਚ ਕੁੱਲ ਕਿੰਨੇ ਪ੍ਰਸ਼ਨ ਹੋਣਗੇ ਅਤੇ ਗਲਤ ਉੱਤਰ ਵਾਲੇ ਨੂੰ **Negative marking** ਕਿੰਨੀ ਹੋਵੇਗੀ?

ਉੱਤਰ: ਪ੍ਰਸ਼ਨ ਦੀ ਗਿਣਤੀ 100 ਹੋਵੇਗੀ ਅਤੇ ਗਲਤ ਉੱਤਰ ਦੇਣ ਵਾਲੇ ਨੂੰ ਕੋਈ ਵੀ **Negative marking** ਨਹੀਂ ਹੋਵੇਗੀ।

15) ਕੀ ਤਕਨੀਕੀ ਪੇਪਰ **ITI (Lineman)** ਟਰੇਡ ਦੇ ਸਿਲੇਬਸ ਵਿੱਚੋਂ ਆਵੇਗਾ?

ਉੱਤਰ: ਹਾਂ ਜੀ, ਇਸ ਸੰਬੰਧੀ ਸਲੇਬਸ **online** ਮੌਜੂਦ ਹੈ।